# ਆਰਤੀ ਬਾਰੇ

ੴ

ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪਰਗਾਸਿ ॥ [1]

ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥ [2]

ਸਾਧ ਸੰਗਤ ਜੀਓ, ਜਦ ਅਸੀਂ ਤਖ਼ਤ ਸਾਹਿਬ ਤੋਂ ਬਾਹਰ ਆਵਨ ਲਗੇ, ਜਿਥੇ ਕਿ ਗੁਰੂ ਗ੍ਰਿੰਥ ਸਾਹਿਬ ਜੀ ਪ੍ਰਕਾਸ਼ ਹੁੰਦੇ ਹਨ ਜੰਗਲੇ ਤੋਂ ਬਾਹਰ, ਤਾਂ ਸ਼ੰਕਾਵਾਦੀ ਕਹਿ ਰਹੇ ਸਨ ਕਿ ਜੋਤਾਂ ਜਗਾ ਕੇ ਵਾ ਦੀਵੇ ਬਾਲ ਕੇ ਆਰਤੀ ਕਰਨੀ ਗੁਰਮਤ ਦੇ ਵਿਰੁਧ ਹੈ ਵਾ ਉਲਟ ਹੈ ਵਾ ਹਿੰਦੂਮਤ ਹੈ । ਅਸਾਂ ਨੇ ਕਿਹਾ ਕਿ ਠੈਹਿਰੋ ਭਾਈ ਸ਼ੰਕਾਵਾਦੀ ਸਜਨੋ, ਇਸ ਬਾਰੇ ਭੀ ਵੀਚਾਰ ਕਰਦੇ ਹਾਂ । ਭਾਈ ਸ਼ੰਕਾਵਾਦੀ ਸਜਨੋ, ਜੋਤਾਂ ਤੋਂ ਬਿਨਾ ਆਰਤੀ ਉਤਸ਼ਾਹ ਦੀਵਾ ਖ਼ੁਸ਼ੀ ਦੀ ਨਹੀਂ ਕਹਲਾਂਦੀ । ਤੁਸੀਂ ਦਸੋ ਕਿ ਮਹਾਰਾਜ ਜੀ ਨੇ ਜੋਤਾਂ ਵ ਦੀਵੇ ਕਿਥੇ ਖੰਡਨ ਕੀਤੇ ਹੈਂ ਵ ਕਿਥੇ ਲਿਖੀਆ ਹੈ ? ਤਾਂ ਸ਼ੰਕਾਵਾਦੀ ਸਜਨ ਕਹਿਨ ਲਗੇ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਰਤੀ ਉਚਾਰਨ ਕੀਤੀ ਔਰ ਇਸਤਰ੍ਹਾਂ ਵਰਨੰਨ ਕੀਤੀ ਹੈ : -

ਗਗਨਮੈ ਥਾਲੁ ਰਵਿ ਚੰਦੁ ਦੀਪਕ ਬਨੇ [3]

ਜੋ ਵਾਹਿਗੁਰੂ ਨਿਰੰਕਾਰ ਅਕਾਲ ਪੁਰਖ ਜਿਨ੍ਹਾਂ ਵਡਾ ਹੈ, ਉਤਨਾ ਹੀ ਉਸਦਾ ਆਰਤੀ ਦਾ ਥਾਲ ਵਡਾ ਹੈ ਗਗਨ ਵ ਅਕਾਸ਼ । ਉਹਦੇ ਵਿਚ ਦੀਵਾ ਵਾ ਜੋਤਾਂ ਚੰਦ ਸੂਰਜ ਹਨ । ਸੁਨੋ ਭਾਈ ਸ਼ੰਕਾਵਾਦੀ ਸਜਨੋ, ਏਹ ਆਰਤੀ ਬੈਰਾਟ ਸਰੂਪ ਦੀ ਹੈ । ਅਗਰ ਤੁਸੀਂ ਜੋਤਾਂ ਜਗਾਵਨੀ ਛਡੋਗੇ, ਤਾਂ ਤੁਹਾਨੂੰ ਚੌਰ ਕਰਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਕਰਨਾ ਛਡਨਾ ਪਵੇਗਾ, ਕਿਉਂਕਿ ਅਗੇ ਜਾ ਕੇ ਉਸੇ ਆਰਤੀ ਵਿਚ ਗੁਰੂ ਸਾਹਿਬ ਜੀ ਨੇ ਫ਼ੁਰਮਾਯਾ ਹੈ ਕਿ ਪਵਣ ਚਵਰੋ ਕਰੇ' । ਅਗ੍ਰ ਚੰਦ ਸੂਰਜ ਜੋਤਾਂ ਜਗ ਰਹੀਆਂ ਹਨ, ਤਾਂ ਪਵਨ ਦੇਵਤਾ ਚਵਰ ਕਰ ਰਿਹਾ ਹੈ । ਫੇਰ ਤੁਸੀਂ ਕਿਉਂ ਕਰਦੇ ਹੋ ? ਸੋ ਭਾਈ ਸ਼ੰਕਾਵਾਦੀ ਸਜਨੋ, ਓਹ ਆਰਤੀ ਬੈਰਾਟ ਸਰੂਪ ਦੀ ਵਰਨੰਨ ਕੀਤੀ ਹੈ ਔਰ ਗੁਰੂ ਸਾਹਿਬ ਜੀ ਦੇ ਵਾਸਤੇ ਵਾ ਸ੍ਰੀ ਗੁਰੂ ਗ੍ਰੰਥ ਜੀ ਦੇ ਵਾਸਤੇ ਆਰਤੀ ਇਸਤਰ੍ਹਾਂ ਜ਼ਿਕਰ ਆਇਯਾ ਹੈ : -

---

[1] ਰਾਗੁ ਗੂਜਰੀ ਮਹਲਾ ੪, ਪੰਨਾ ੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[2] ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[3] ਧਨਾਸਰੀ ਮਹਲਾ ੧ ਆਰਤੀ, ਪੰਨਾ ੬੬੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

